# ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ ਫਿਰੋਜ਼ਪੁਰ ਰੋਡ ਲੁਧਿਆਣਾ।

ਸੇਵਾ ਵਿਖੇ

M/s Bharti Realty Limited,
Plot No 16, Udyog Vihar,
Ph-IV, Gurgoan.

ਨੰ: ਮਿ:ਅ-ਗਲਾਡਾ-ਲੁਧਿ 2007/ 688
ਮਿਤੀ: 5/3/12

ਵਿਸ਼ਾ:- Sanctioned of Revised Building Plans of Multiplex/retail and Commercial complex at Old session Court, Near Fountain Chowk, Ludhiana (2.474 Acre)

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਦਾ ਪਲਾਟ ਨੰ: Comm. Complex ਰਕਬਾ 11974 ਵਰਗ ਗਜ, ਸੈਕਟਰ old session Court ਲੁਧਿਆਣਾ ਦੀ ਉਸਾਰੀ ਬਾਰੇ।

ਆਪ ਦੇ ਨਕਸ਼ੇ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ(ਬਿਲਡਿੰਗ) ਐਕਟ 1995 ਦੇ ਉਪਬੰਧਾਂ ਤਹਿਤ ਪਾਸ ਕੀਤੇ ਜਾਂਦੇ ਹਨ। ਆਪ ਨੂੰ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਉਸਾਰੀ ਦੀ ਆਗਿਆ ਦਿੱਤੀ ਜਾਂਦੀ ਹੈ।

1.) ਚਾਰ ਦੀਵਾਰੀ ਅਤੇ ਗੇਟ ਸਟੈਂਡਰਡ ਡੀਜ਼ਾਇਨ ਅਨੁਸਾਰ ਹੋਣੇ ਚਾਹੀਦੇ ਹਨ।

2.) ਜਿਸ ਦਿਨ ਤੋਂ ਆਪ ਨੇ ਇਮਾਰਤ ਦੀ ਉਸਾਰੀ ਸ਼ੁਰੂ ਕਰਨੀ ਹੋਵੇ, ਉਸ ਦਿਨ ਤੋਂ ਇਕ ਹਫਤਾ ਪਹਿਲਾਂ ਨਿਗਰਾਨ ਕਰਤਾਧਰ ਨੂੰ ਨੋਟਿਸ ਭੇਜਿਆ ਜਾਵੇ।

3) ਪਾਣੀ ਦਾ ਕੁਨੈਕਸ਼ਨ ਮੰਡਲ ਇੰਜੀਨੀਅਰ(ਜਸ), ਗਲਾਡਾ, ਲੁਧਿਆਣਾ ਪਾਸੋਂ ਸਕਿਉਰਟੀ ਜਮਾਂ ਕਰਵਾ ਕੇ ਪ੍ਰਾਪਤ ਕੀਤਾ ਜਾਵੇ।

4) ਸੀਵਰੇਜ ਦਾ ਕੁਨੈਕਸ਼ਨ ਪ੍ਰਾਪਤ ਕਰਨ ਲਈ ਇਮਾਰਤ ਮੁਕੰਮਲ ਹੋਣ ਦਾ ਸਰਟੀਫਿਕੇਟ ਇਸ ਦਫਤਰ ਪਾਸੋਂ ਪ੍ਰਾਪਤ ਕਰਕੇ ਆਪਣੇ ਸੀਵਰੇਜ ਕੁਨੈਕਸ਼ਨ ਬਿਨੈ ਪੱਤਰ ਨਾਲ ਭੇਜਿਆ ਜਾਵੇ। ਸੀਵਰੇਜ ਕੁਨੈਕਸ਼ਨ (ਜਨ ਸਿਹਤ) ਦੇ ਸਬੰਧਤ ਕਰਮਚਾਰੀ ਦੀ ਹਾਜ਼ਰੀ ਵਿਚ ਇਸ ਦਫਤਰ ਦੀ ਪ੍ਰਵਾਨਗੀ ਨਾਲ ਜੋੜਿਆ ਜਾਵੇ। ਇਸ ਦਫਤਰ ਵਲੋਂ ਪ੍ਰਵਾਨਿਤ ਪਲੰਬਰ ਰਾਹੀਂ ਹੀ ਕੁਨੈਕਸ਼ਨ ਜੋੜਿਆ ਜਾਵੇ।

5) ਨਕਸ਼ੇ ਤੋਂ ਬਾਹਰ ਉਸਾਰੀ ਕਰਨ ਦੇ ਆਪ ਜ਼ਿੰਮੇਵਾਰ ਹੋਵੋਗੇ। ਨਕਸ਼ੇ ਤੋਂ ਵਾਧੂ ਉਸਾਰੀ ਨੂੰ ਬਿਨਾਂ ਕਿਸੇ ਨੋਟਿਸ ਦੇ ਢਾਹ ਦਿੱਤਾ ਜਾਵੇਗਾ। ਅਤੇ ਇਸਨੂੰ ਢਾਹੁਣ ਦਾ ਖਰਚਾ ਆਪ ਨੂੰ ਮਿਲਖ ਅਫਸਰ ਪਾਸ ਜਮਾਂ ਕਰਾਉਣਾ ਪਵੇਗਾ।

6) ਬਿਲਡਿੰਗ ਮੁਕੰਮਲ ਹੋਣ ਤੋਂ ਬਾਅਦ ਸੀਵਰੇਜ ਕੁਨੈਕਸ਼ਨ ਨਾ ਲੈਣ ਦੀ ਸੂਰਤ ਵਿਚ ਐਕਸਟੈਨਸ਼ਨ ਫੀਸ ਜਿਉਂ ਦੀ ਤਿਉਂ ਲੱਗਦੀ ਰਹੇਗੀ।

7) ਸੁਪਰ ਸਟਰਕਚਰ ਦੀ ਉਸਾਰੀ ਤੋਂ ਪਹਿਲਾਂ ਆਪ ਪਲਿੰਥ ਲੈਵਲ ਮੰਡਲ ਇੰਜੀਨੀਅਰ (ਜਸ) ਪਾਸੋਂ ਚੈਕ ਕਰਵਾ ਕੇ ਇਸ ਸਬੰਧੀ ਸਰਟੀਫਿਕੇਟ ਆਪ ਉਪ ਮੰਡਲ ਇੰਜੀਨੀਅਰ (ਬੀ ਐਂਡ ਈ) ਪਾਸ ਪੇਸ਼ ਕਰੋਗੇ।

8) ਸ਼ਰਤ ਨੰ: 7 ਦੀ ਪੂਰਤੀ ਨਾ ਕਰਨ ਤੇ ਕੀਤੀ ਉਸਾਰੀ ਬਿਨਾਂ ਕਿਸੇ ਨੋਟਿਸ ਦੇ ਢਾਹ ਦਿੱਤੀ ਜਾਵੇਗੀ। ਅਤੇ ਇਸ ਦਾ ਖਰਚਾ ਤੁਹਾਡੇ ਕੋਲੋਂ ਵਸੂਲਿਆ ਜਾਵੇਗਾ।

9) ਨਕਸ਼ਾ ਪਾਸ ਹੋਣ ਉਪਰੰਤ ਪਲਾਟ ਦੀ ਡੀਮਾਰਕੇਸ਼ਨ ਸਬੰਧਤ ਜੇ.ਈ/ਏ.ਈ ਤੋਂ ਪ੍ਰਾਪਤ ਕੀਤੀ ਜਾਵੇ। ਅਤੇ ਪਲਾਟ ਦੀ ਪੈਮਾਇਸ਼ ਅਤੇ ਕੁੱਲ ਰਕਬੇ ਸਬੰਧੀ ਵੇਰਵੇ ਦਾ ਸਰਟੀਫਿਕੇਟ ਉਪ-ਮੰਡਲ ਇੰਜੀਨੀਅਰ(ਬੀ & ਈ) ਤੋਂ ਪ੍ਰਾਪਤ ਕੀਤਾ ਜਾਵੇ।

10) ਡੀ.ਪੀ.ਸੀ ਪਾਉਣ ਬਾਦ ਨਿਗਰਾਨ ਕਰਤਾਧਰ ਦੇ ਦਫਤਰ ਵਲੋਂ ਸਰਟੀਫਿਕੇਟ ਲਿਆ ਜਾਵੇ ਕਿ ਉਸਾਰੀ ਨਕਸ਼ੇ ਅਨੁਸਾਰ ਹੈ।

11) ਛੱਤ ਪਾਉਣ ਤੋਂ ਪਹਿਲਾਂ ਸਰਟੀਫਿਕੇਟ ਲਿਆਂ ਜਾਵੇ ਕਿ ਉਸਾਰੀ ਨਕਸ਼ੇ ਅਨੁਸਾਰ ਹੈ।

12) ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਨਿਯਮ ਨੰਬਰ 9 ਅਨੁਸਾਰ ਔਕੂਪੇਸ਼ਨ ਸਰਟੀਫਿਕੇਟ/ਕੰਪਲੀਸ਼ਨ ਸਰਟੀਫਿਕੇਟ ਤੱਦ ਹੀ ਜਾਰੀ ਕੀਤਾ ਜਾਵੇਗਾ, ਜੇਕਰ ਇਮਾਰਤ ਪ੍ਰਵਾਨਿਤ ਨਕਸ਼ੇ ਅਨੁਸਾਰ ਹੋਵੇਗੀ।

13. [illegible]

ਮਿਲਖ ਅਫਸਰ,
ਗਲਾਡਾ, ਲੁਧਿਆਣਾ।

ਪਿੱਠ ਅੰਕਣ ਨੰ:ਮਿ:ਅ-ਗਲਾਡਾ-ਲੁਧਿ 07/ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਸੀਨੀਅਰ ਆਰਕੀਟੈਕਟ, ਗਲਾਡਾ, ਮੋਹਾਲੀ।
2) ਜਿਲਾ ਨਗਰ ਯੋਜਨਾਕਾਰ, ਲੁਧਿਆਣਾ।
3) ਮੰਡਲ ਇੰਜੀਨੀਅਰ(ਜਸ), ਗਲਾਡਾ, ਲੁਧਿਆਣਾ।
4) ਉਪ-ਮੰਡਲ ਇੰਜੀਨੀਅਰ(ਬੀ ਐਂਡ ਈ), ਗਲਾਡਾ, ਲੁਧਿਆਣਾ।
5) ਸੁਪਰਡੈਂਟ, ਦਫਤਰ ਮਿਲਖ ਅਫਸਰ, ਗਲਾਡਾ, ਲੁਧਿਆਣਾ।